Punjabi | ਪੰਜਾਬੀ

# ਕਿਰਾਏ ਦੇ ਘਰ ਲਈ ਅਰਜ਼ੀ ਦੇਣਾ: ਕਾਨੂੰਨ ਕੀ ਹਨ?

ਕਿਰਾਏ ਦੇ ਘਰ ਲਈ ਅਰਜ਼ੀ ਦੇਣ ਦੀ ਪ੍ਰਕਿਰਿਆ ਮੁਕਾਬਲੇ ਵਾਲੀ ਅਤੇ ਤਣਾਅਪੂਰਨ ਹੋ ਸਕਦੀ ਹੈ। ਜਦੋਂ ਤੁਸੀਂ ਅਰਜ਼ੀ ਦਿੰਦੇ ਹੋ, ਤਾਂ ਮਕਾਨ-ਮਾਲਕਾਂ ਅਤੇ ਏਜੰਟਾਂ ਲਈ ਕੁੱਝ ਕਾਨੂੰਨਾਂ ਦੀ ਪਾਲਣਾ ਕਰਨੀ ਲਾਜ਼ਮੀ ਹੁੰਦੀ ਹੈ।

ਇਹ ਤੱਥ-ਸ਼ੀਟ ਤੁਹਾਡੇ ਅਧਿਕਾਰਾਂ ਬਾਰੇ ਜਾਣਕਾਰੀ ਦਿੰਦੀ ਹੈ ਅਤੇ ਇਹ ਸਮਝਾਉਂਦੀ ਹੈ ਕਿ ਜੇਕਰ ਤੁਹਾਨੂੰ ਨਿੱਜੀ ਤੌਰ 'ਤੇ ਕਿਰਾਏ ਦੇ ਘਰ ਲਈ ਅਰਜ਼ੀ ਦੇਣ ਦੌਰਾਨ ਕਿਸੇ ਗ਼ੈਰ-ਕਾਨੂੰਨੀ ਤਰੀਕੇ ਦਾ ਸਾਹਮਣਾ ਕਰਨਾ ਪਵੇ, ਤਾਂ ਤੁਸੀਂ ਕੀ ਕਰ ਸਕਦੇ ਹੋ।

## ਕਿਰਾਏ ਲਈ ਨਿਲਾਮੀਆਂ ਅਤੇ ਬੋਲੀਆਂ ਲਗਾਉਣ 'ਤੇ ਪਾਬੰਦੀ

ਮਕਾਨ-ਮਾਲਕ ਅਤੇ ਏਜੰਟ, ਕਿਰਾਏ ਲਈ ਨਿਲਾਮੀਆਂ ਨਹੀਂ ਕਰ ਸਕਦੇ ਅਤੇ ਨਾ ਹੀ ਕਿਰਾਏਦਾਰਾਂ ਨੂੰ ਇਸ਼ਤਿਹਾਰ ਵਿੱਚ ਦਰਸਾਏ ਗਏ ਕਿਰਾਏ ਤੋਂ ਵੱਧ ਰਕਮ ਦੀ ਪੇਸ਼ਕਸ਼ ਕਰਨ ਲਈ ਉਤਸ਼ਾਹਿਤ ਕਰ ਸਕਦੇ ਹਨ। ਭਾਵੇਂ ਤੁਸੀਂ ਜਾਂ ਕੋਈ ਹੋਰ ਸੰਭਾਵੀ ਕਿਰਾਏਦਾਰ ਵੱਧ ਰਕਮ ਦੀ ਪੇਸ਼ਕਸ਼ ਕਰਨ ਦੀ ਚੋਣ ਕਰੇ, ਮਕਾਨ-ਮਾਲਕ ਕਾਨੂੰਨੀ ਤੌਰ 'ਤੇ ਇਸ਼ਤਿਹਾਰ ਵਿੱਚ ਦਰਸਾਏ ਗਏ ਕਿਰਾਏ ਤੋਂ ਵੱਧ ਰਕਮ ਸਵੀਕਾਰ ਨਹੀਂ ਕਰ ਸਕਦਾ ਹੈ।

ਕਿਰਾਏ ਦੇ ਘਰਾਂ ਦਾ ਇਸ਼ਤਿਹਾਰ ਵੀ ਇੱਕ ਨਿਸ਼ਚਿਤ ਕਿਰਾਏ 'ਤੇ ਦਿੱਤਾ ਜਾਣਾ ਲਾਜ਼ਮੀ ਹੈ, ਨਾ ਕਿ ਕਿਰਾਏ ਦੀ ਕਿਸੇ ਸੀਮਾ ਨਾਲ। ਉਦਾਹਰਨ ਵਜੋਂ, ਕਿਸੇ ਜਾਇਦਾਦ ਨੂੰ $450 ਪ੍ਰਤੀ ਹਫ਼ਤਾ ਦੇ ਕਿਰਾਏ 'ਤੇ ਦਰਸਾਇਆ ਜਾਣਾ ਚਾਹੀਦਾ ਹੈ, ਨਾ ਕਿ $450–$500 ਪ੍ਰਤੀ ਹਫ਼ਤਾ ਦੀ ਸੀਮਾ ਵਜੋਂ।

ਇਸ਼ਤਿਹਾਰ ਦੀ ਇੱਕ ਕਾਪੀ ਆਪਣੇ ਕੋਲ ਰੱਖੋ, ਕਿਉਂਕਿ ਜੇ ਕਿਰਾਏ ਲਈ ਬੋਲੀ ਲਗਾਉਣ ਦੀ ਕੋਈ ਘਟਨਾ ਹੋਈ ਹੋਵੇ ਤਾਂ ਇਹ ਬਾਅਦ ਵਿੱਚ ਸਬੂਤ ਵਜੋਂ ਕੰਮ ਆ ਸਕਦੀ ਹੈ।

## ਕਿਰਾਏ ਦੀ ਪੇਸ਼ਗੀ ਰਕਮ 'ਤੇ ਪਾਬੰਦੀਆਂ

ਮਕਾਨ-ਮਾਲਕ ਅਤੇ ਏਜੰਟ **ਇੱਕ ਮਹੀਨੇ ਦੇ ਕਿਰਾਏ ਤੋਂ ਵੱਧ ਨੂੰ** ਪੇਸ਼ਗੀ ਵਜੋਂ ਦੇਣ ਦੀ ਕਿਸੇ ਵੀ ਤਰ੍ਹਾਂ ਦੀ ਪੇਸ਼ਕਸ਼ ਦੀ ਮੰਗ ਨਹੀਂ ਕਰ ਸਕਦੇ, ਅਜਿਹਾ ਕਰਨ ਲਈ ਵਧਾਵਾ ਨਹੀਂ ਦੇ ਸਕਦੇ ਜਾਂ ਇਸਨੂੰ ਸਵੀਕਾਰ ਨਹੀਂ ਕਰ ਸਕਦੇ, ਜਦੋਂ ਤੱਕ ਕਿ ਕਿਰਾਇਆ $900 ਪ੍ਰਤੀ ਹਫ਼ਤਾ ਤੋਂ ਵੱਧ ਨਾ ਹੋਵੇ।

## ਕਿਰਾਏ ਦਾ ਮਿਆਰੀ ਅਰਜ਼ੀ ਫਾਰਮ

ਨਿੱਜੀ ਤੌਰ 'ਤੇ ਕਿਰਾਏ 'ਤੇ ਘਰ ਲੈਣ ਲਈ ਸਾਰੀਆਂ ਅਰਜ਼ੀਆਂ ਵਿੱਚ, Consumer Affairs Victoria ਦੇ ਰਿਹਾਇਸ਼ੀ ਕਿਰਾਏ ਦੇ ਮਿਆਰੀ ਅਰਜ਼ੀ ਫਾਰਮ ਦੀ ਵਰਤੋਂ ਕਰਨੀ ਲਾਜ਼ਮੀ ਹੈ।

ਤੁਸੀਂ ਇਸਨੂੰ Consumer Affairs Victoria ਦੀ ਵੈੱਬਸਾਈਟ 'ਤੇ 'residential rental application' ਲਿਖ ਕੇ ਲੱਭ ਸਕਦੇ ਹੋ। ਕਿਸੇ ਹੋਰ ਅਰਜ਼ੀ ਫਾਰਮ ਦੀ ਵਰਤੋਂ ਕਰਨਾ ਕਾਨੂੰਨੀ ਉਲੰਘਣਾ ਹੈ।

ਮਕਾਨ-ਮਾਲਕ ਜਾਂ ਏਜੰਟ ਇਹ ਨਹੀਂ ਕਰ ਸਕਦੇ ਹਨ:

- ਕੋਈ ਵੱਖਰਾ ਜਾਂ ਮਿਲਦਾ-ਜੁਲਦਾ ਫਾਰਮ ਵਰਤਣਾ
- ਵਾਧੂ ਸਵਾਲ ਸ਼ਾਮਲ ਕਰਨਾ
- ਲਾਜ਼ਮੀ ਸਵਾਲ ਹਟਾਉਣਾ
- ਇਸ ਫਾਰਮ ਵਿੱਚ ਮੰਗੀ ਗਈ ਜਾਣਕਾਰੀ ਤੋਂ ਇਲਾਵਾ ਤੁਹਾਡੇ ਕੋਲੋਂ ਮੌਖਿਕ ਜਾਂ ਲਿਖਤੀ ਰੂਪ ਵਿੱਚ ਵਾਧੂ ਜਾਣਕਾਰੀ ਮੰਗਣਾ

18 ਸਾਲ ਤੋਂ ਵੱਧ ਉਮਰ ਦੇ ਹਰੇਕ ਵਿਅਕਤੀ ਨੂੰ, ਜੋ ਕਿਰਾਏ ਦੇ ਸਮਝੌਤੇ ਵਿੱਚ ਸਹਿ-ਕਿਰਾਏਦਾਰ ਵਜੋਂ ਦਰਜ ਹੋਣਾ ਚਾਹੁੰਦਾ ਹੈ, ਆਪਣਾ ਵੱਖਰਾ ਅਰਜ਼ੀ ਫਾਰਮ ਭਰਨਾ ਲਾਜ਼ਮੀ ਹੈ।

## ਤੁਹਾਡੀ ਨਿੱਜੀ ਜਾਣਕਾਰੀ ਦੀ ਸੁਰੱਖਿਆ ਕੀਤੀ ਜਾਣੀ ਲਾਜ਼ਮੀ ਹੈ

ਮਕਾਨ-ਮਾਲਕਾਂ ਅਤੇ ਏਜੰਟਾਂ ਲਈ ਤੁਹਾਡੀ ਨਿੱਜੀ ਜਾਣਕਾਰੀ ਨੂੰ ਗ਼ਲਤ ਵਰਤੋਂ, ਗੁੰਮ ਹੋਣ ਜਾਂ ਬਿਨਾਂ ਇਜਾਜ਼ਤ ਕਿਸੇ ਨਾਲ ਸਾਂਝੀ ਕੀਤੇ ਜਾਣ ਤੋਂ ਸੁਰੱਖਿਅਤ ਰੱਖਣਾ ਲਾਜ਼ਮੀ ਹੈ। ਉਹ ਤੁਹਾਡੀ ਜਾਣਕਾਰੀ ਕਿਸੇ ਅਜਿਹੇ ਵਿਅਕਤੀ ਨੂੰ ਨਹੀਂ ਦੇ ਸਕਦੇ ਹਨ, ਜਿਸ ਨੂੰ ਇਸਦੀ ਵਰਤੋਂ ਕਰਨ ਦਾ ਅਧਿਕਾਰ ਨਾ ਹੋਵੇ।

ਉਹਨਾਂ ਲਈ ਤੁਹਾਡੀ ਜਾਣਕਾਰੀ ਨੂੰ ਨਸ਼ਟ ਕਰਨਾ ਜਾਂ ਉਸ ਵਿੱਚੋਂ ਤੁਹਾਡੀ ਪਛਾਣ ਨਾਲ ਸੰਬੰਧਿਤ ਵੇਰਵੇ ਹਟਾਉਣਾ ਵੀ ਲਾਜ਼ਮੀ ਹੈ:

- ਜਦੋਂ ਕੋਈ ਘਰ ਕਿਸੇ ਹੋਰ ਨੂੰ ਕਿਰਾਏ 'ਤੇ ਦੇ ਦਿੱਤਾ ਜਾਵੇ, ਤਾਂ ਉਸ ਤੋਂ **30 ਦਿਨਾਂ** ਦੇ ਅੰਦਰ
- ਜੇ ਤੁਸੀਂ ਆਪਣੀ ਅਰਜ਼ੀ ਕਿਸੇ ਹੋਰ ਘਰ ਲਈ ਦੁਬਾਰਾ ਵਰਤਣ ਲਈ ਸਹਿਮਤੀ ਦਿੰਦੇ ਹੋ, ਤਾਂ **6 ਮਹੀਨਿਆਂ** ਦੇ ਅੰਦਰ
- ਤੁਹਾਡੇ ਘਰ ਖ਼ਾਲੀ ਕਰਨ ਅਤੇ ਕਿਰਾਏ ਦੇ ਸਮਝੌਤੇ ਦੇ ਖ਼ਤਮ ਹੋਣ ਤੋਂ **3 ਸਾਲਾਂ** ਦੇ ਅੰਦਰ

ਤੱਥ-ਸ਼ੀਟ

Tenants Victoria | ACN 081 348 227
www.tenantsvic.org.au | ਪ੍ਰਕਾਸ਼ਿਤ ਜੂਨ 2026

Tenants Victoria

## ਕਿਰਾਏ ਦੀ ਅਦਾਇਗੀ ਲਈ ਕੋਈ ਵਾਧੂ ਫ਼ੀਸ ਨਹੀਂ

ਕਾਨੂੰਨ ਅਨੁਸਾਰ, ਮਕਾਨ-ਮਾਲਕ ਜਾਂ ਏਜੰਟ ਵੱਲੋਂ ਤੁਹਾਨੂੰ ਹਮੇਸ਼ਾ ਇਸ ਤਰ੍ਹਾਂ ਕਿਰਾਇਆ ਅਦਾ ਕਰਨ ਦੀ ਇਜਾਜ਼ਤ ਦੇਣੀ ਲਾਜ਼ਮੀ ਹੈ:

- ਅਜਿਹੇ ਤਰੀਕੇ ਨਾਲ, ਜਿਸ ਵਿੱਚ ਤੁਹਾਡੇ ਆਮ ਬੈਂਕ ਖ਼ਰਚਿਆਂ ਤੋਂ ਇਲਾਵਾ ਕੋਈ ਵਾਧੂ ਫ਼ੀਸ ਨਾ ਲੱਗੇ
- ਇਲੈਕਟ੍ਰਾਨਿਕ ਫ਼ੰਡ ਟ੍ਰਾਂਸਫਰ (EFT) ਰਾਹੀਂ
- Centrepay ਰਾਹੀਂ, ਜੇ ਤੁਸੀਂ Centrelink ਤੋਂ ਭੁਗਤਾਨ ਪ੍ਰਾਪਤ ਕਰ ਰਹੇ ਹੋ

ਜੇ ਕਿਰਾਇਆ ਅਦਾ ਕਰਨ ਦੇ ਹੋਰ ਤਰੀਕੇ ਉਪਲਬਧ ਕਰਵਾਏ ਜਾਂਦੇ ਹਨ, ਤਾਂ ਤੁਹਾਡੀ ਸਹਿਮਤੀ ਲੈਣ ਤੋਂ ਪਹਿਲਾਂ ਮਕਾਨ-ਮਾਲਕ ਜਾਂ ਏਜੰਟ ਵੱਲੋਂ ਲਾਗੂ ਹੋਣ ਵਾਲੀਆਂ ਕਿਸੇ ਵੀ ਫ਼ੀਸਾਂ ਜਾਂ ਖ਼ਰਚਿਆਂ ਬਾਰੇ ਸਪਸ਼ਟ ਤੌਰ 'ਤੇ ਜਾਣਕਾਰੀ ਦੇਣੀ ਲਾਜ਼ਮੀ ਹੈ।

## ਕਿਰਾਏ ਨਾਲ ਸੰਬੰਧਿਤ ਐਪਾਂ ਅਤੇ ਹੋਰ ਫ਼ੀਸਾਂ 'ਤੇ ਪਾਬੰਦੀ

ਕੋਈ ਵੀ ਤੀਜੀ-ਧਿਰ ਦਾ ਕਾਰੋਬਾਰ, ਜਿਸ ਵਿੱਚ ਕਿਰਾਏ ਦੀਆਂ ਅਰਜ਼ੀਆਂ ਅਤੇ ਕਿਰਾਏ ਦੀ ਅਦਾਇਗੀ ਲਈ ਐਪ ਚਲਾਉਣ ਵਾਲੇ ਕਾਰੋਬਾਰ ਵੀ ਸ਼ਾਮਲ ਹਨ, ਤੁਹਾਡੇ ਤੋਂ ਹੇਠ ਲਿਖੀਆਂ ਚੀਜ਼ਾਂ ਲਈ ਕੋਈ ਫ਼ੀਸ ਨਹੀਂ ਲੈ ਸਕਦਾ ਹੈ:

- ਕਿਰਾਏ ਦੀ ਜਾਇਦਾਦ ਲਈ ਅਰਜ਼ੀ ਦੇਣਾ
- ਪਿਛੋਕੜ ਦੀ ਜਾਂਚ
- ਕਿਰਾਏਦਾਰੀ ਇਤਿਹਾਸ ਦੀ ਜਾਂਚ
- ਕ੍ਰੈਡਿਟ ਜਾਂਚ
- ਕਿਰਾਏਦਾਰੀ ਡਾਟਾਬੇਸ ਦੀ ਜਾਂਚ
- ਪਛਾਣ ਦੀ ਤਸਦੀਕ
- ਪ੍ਰਸ਼ਾਸਕੀ ਖ਼ਰਚੇ
- ਅਸਫ਼ਲ ਭੁਗਤਾਨ
- ਕਿਰਾਇਆ ਅਦਾ ਕਰਨਾ (ਕਿਸੇ ਹੋਰ ਕਾਨੂੰਨ ਅਧੀਨ ਮਨਜ਼ੂਰ ਭੁਗਤਾਨ ਸਰਚਾਰਜ ਫ਼ੀਸਾਂ ਤੋਂ ਇਲਾਵਾ)

## ਘੱਟੋ-ਘੱਟ ਮਿਆਰ

ਕਿਸੇ ਕਿਰਾਏ ਦੇ ਘਰ ਨੂੰ ਕਿਰਾਏ ਲਈ ਇਸ਼ਤਿਹਾਰਤ ਕਰਨ ਜਾਂ ਕਿਰਾਏ 'ਤੇ ਦੇਣ ਦੀ ਪੇਸ਼ਕਸ਼ ਕਰਨ ਸਮੇਂ ਹੀ ਕਿਰਾਏ ਨਾਲ ਸੰਬੰਧਿਤ ਸਾਰੇ ਘੱਟੋ-ਘੱਟ ਮਿਆਰ ਪੂਰੇ ਕਰਨੇ ਲਾਜ਼ਮੀ ਹਨ– ਨਾ ਕਿ ਸਿਰਫ਼ ਉਸ ਵੇਲੇ ਜਦੋਂ ਤੁਸੀਂ ਕਿਰਾਏ ਦੇ ਸਮਝੌਤੇ 'ਤੇ ਦਸਤਖ਼ਤ ਕਰਦੇ ਹੋ ਜਾਂ ਉੱਥੇ ਰਹਿਣ ਲਈ ਜਾਂਦੇ ਹੋ।

ਘੱਟੋ-ਘੱਟ ਮਿਆਰਾਂ ਦੀ ਪੂਰੀ ਸੂਚੀ ਲਈ Tenants Victoria ਦੀ ਵੈੱਬਸਾਈਟ ਵੇਖੋ: tenantsvic.org.au/minimum-standards

ਜੇ ਕੋਈ ਜਾਇਦਾਦ ਘੱਟੋ-ਘੱਟ ਮਿਆਰਾਂ ਨੂੰ ਪੂਰਾ ਨਹੀਂ ਕਰਦੀ ਹੈ, ਤਾਂ ਤੁਸੀਂ ਇਸ ਦੀ ਸ਼ਿਕਾਇਤ Consumer Affairs Victoria ਕੋਲ ਕਰ ਸਕਦੇ ਹੋ, ਭਾਵੇਂ ਤੁਹਾਨੂੰ ਇਹ ਸਮੱਸਿਆ ਸਿਰਫ਼ ਨਿਰੀਖਣ ਲਈ ਖੁੱਲ੍ਹੇ ਦੌਰੇ (open for inspection) ਦੌਰਾਨ ਹੀ ਨਜ਼ਰ ਆਈ ਹੋਵੇ। ਤੁਸੀਂ ਕਿਰਾਏ ਦੇ ਸਮਝੌਤੇ 'ਤੇ ਦਸਤਖ਼ਤ ਕਰਨ ਤੋਂ ਤੁਰੰਤ ਬਾਅਦ ਜ਼ਰੂਰੀ ਮੁਰੰਮਤਾਂ ਲਈ ਅਰਜ਼ੀ ਵੀ ਦੇ ਸਕਦੇ ਹੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜਾਇਦਾਦ ਘੱਟੋ-ਘੱਟ ਮਿਆਰਾਂ ਨੂੰ ਪੂਰਾ ਕਰਦੀ ਹੈ।

## ਸਮੋਕ ਅਲਾਰਮ

ਮਕਾਨ-ਮਾਲਕ ਜਾਂ ਏਜੰਟ ਲਈ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਸਮੋਕ ਅਲਾਰਮ:

- ਸਹੀ ਢੰਗ ਨਾਲ ਲਗਾਏ ਗਏ ਹੋਣ ਅਤੇ ਠੀਕ ਤਰ੍ਹਾਂ ਕੰਮ ਕਰ ਰਹੇ ਹੋਣ
- ਬੈਟਰੀਆਂ ਨਾਲ ਲੈਸ ਹੋਣ ਜਾਂ ਲੋੜ ਅਨੁਸਾਰ ਉਨ੍ਹਾਂ ਦੀਆਂ ਬੈਟਰੀਆਂ ਬਦਲੀਆਂ ਜਾਣ
- ਨਿਰਮਾਤਾ ਦੀਆਂ ਹਿਦਾਇਤਾਂ ਅਨੁਸਾਰ ਹਰ 12 ਮਹੀਨਿਆਂ ਬਾਅਦ ਜਾਂਚੇ ਜਾਣ

## ਗ਼ੈਰ-ਕਾਨੂੰਨੀ ਤਰੀਕਿਆਂ ਦੀ ਰਿਪੋਰਟ ਕਰੋ

ਇਹ ਕਾਨੂੰਨ ਹੋਣ ਦੇ ਬਾਵਜੂਦ, ਫਿਰ ਵੀ ਕੁੱਝ ਗ਼ੈਰ-ਕਾਨੂੰਨੀ ਤਰੀਕੇ ਹੋ ਸਕਦੇ ਹਨ।

ਜੇ ਤੁਹਾਨੂੰ ਕਿਸੇ ਜਾਇਦਾਦ ਦਾ ਔਨਲਾਈਨ ਇਸ਼ਤਿਹਾਰ ਦੇਖਣ, ਨਿਰੀਖਣ ਲਈ ਖੁੱਲ੍ਹੇ ਦੌਰੇ ਦੌਰਾਨ ਜਾਇਦਾਦ ਵੇਖਣ ਜਾਂ ਕਿਸੇ ਜਾਇਦਾਦ ਲਈ ਅਰਜ਼ੀ ਦੇਣ ਵੇਲੇ ਕੋਈ ਚਿੰਤਾ ਹੋਵੇ, ਤਾਂ ਤੁਸੀਂ forms.consumer.vic.gov.au/riarp ਰਾਹੀਂ ਇਸ ਮਾਮਲੇ ਦੀ ਰਿਪੋਰਟ Consumer Affairs Victoria ਨੂੰ ਕਰ ਸਕਦੇ ਹੋ।

## ਕੀ ਤੁਹਾਨੂੰ ਮੱਦਦ ਦੀ ਲੋੜ ਹੈ?

ਜੇ ਤੁਹਾਨੂੰ ਆਪਣੇ ਅਧਿਕਾਰਾਂ ਬਾਰੇ ਯਕੀਨ ਨਹੀਂ ਹੈ ਜਾਂ ਤੁਹਾਨੂੰ ਲੱਗਦਾ ਹੈ ਕਿ ਕੋਈ ਮਕਾਨ-ਮਾਲਕ ਜਾਂ ਏਜੰਟ ਕਾਨੂੰਨ ਦੀ ਪਾਲਣਾ ਨਹੀਂ ਕਰ ਰਿਹਾ ਹੈ, ਤਾਂ ਤੁਸੀਂ ਹੇਠ ਲਿਖਿਆਂ ਤੋਂ ਸਲਾਹ ਲੈ ਸਕਦੇ ਹੋ:

- Tenants Victoria
- Consumer Affairs Victoria
- ਕਿਸੇ ਕਮਿਊਨਿਟੀ ਲੀਗਲ ਸੈਂਟਰ ਤੋਂ

## ਲਾਭਦਾਇਕ ਲਿੰਕ

**Tenants Victoria (ਟੈਨੈਂਟਸ ਵਿਕਟੋਰੀਆ):**
www.tenantsvic.org.au

**Consumer Affairs Victoria (ਕੰਜ਼ਿਊਮਰ ਅਫੇਅਰਜ਼ ਵਿਕਟੋਰੀਆ):**
www.consumer.vic.gov.au

**Federation of Community Legal Centres (ਫੈਡਰੇਸ਼ਨ ਆਫ ਕਮਿਊਨਿਟੀ ਲੀਗਲ ਸੈਂਟਰਜ਼):**
www.fclc.org.au

**ਇਹ ਜਾਣਕਾਰੀ ਸਿਰਫ਼ ਇੱਕ ਮਾਰਗਦਰਸ਼ਨ ਹੈ ਅਤੇ ਇਸਨੂੰ ਪੇਸ਼ੇਵਰ ਕਾਨੂੰਨੀ ਸਲਾਹ ਦੇ ਬਦਲ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ ਹੈ।**

Tenants Victoria | ACN 081 348 227
www.tenantsvic.org.au | ਪ੍ਰਕਾਸ਼ਿਤ ਜੂਨ 2026

Tenants Victoria